ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਿੱਖ ਇਤਿਹਾਸ ਦੇ ਚੋਣਵੇਂ ਪ੍ਰਸ਼ਨ-ਉੱਤਰ

ਵਿਸ਼ਾ :- ਤ੍ਰਿਬੇਣੀ ਪੁਰਬ
" ਹੋਲਾ ਮਹੱਲਾ"

ਪ੍ਰਸ਼ਨ **1.** ਹੋਲਾ ਮਹੱਲਾ ਦਾ ਅਰੰਭ ਕਿਹੜੇ ਗੁਰੂ ਸਾਹਿਬ ਦੁਆਰਾ ਕੀਤਾ ਗਇਆ **?**

ਉੱਤਰ : ਹੋਲਾ ਮਹੱਲਾ ਦਾ ਅਰੰਭ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤਾ ਗਇਆ ।

ਪ੍ਰਸ਼ਨ **2.** ਹੋਲਾ ਮਹੱਲਾ ਦੀ ਸ਼ੁਰੂਆਤ ਕਦੋਂ ਹੋਈ **?**

ਉੱਤਰ : ਹੋਲਾ ਮਹੱਲਾ ਦੀ ਸ਼ੁਰੂਆਤ **ਚੇਤ / ਮਾਰਚ 1687 ਈਸਵੀ** ਵਿਚ ਹੋਈ ।

ਪ੍ਰਸ਼ਨ **3.** ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਕਦੋਂ ਹੋਇਆ **?**

ਉੱਤਰ : ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ **22 ਦਿਸੰਬਰ ਸੰਨ 1666 ਈਸਵੀ** ਨੂੰ ਹੋਇਆ ।

ਪ੍ਰਸ਼ਨ **4.** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਕਿੱਥੇ ਹੋਇਆ **?**

ਉੱਤਰ : ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪਟਨਾ ਸਾਹਿਬ (ਬਿਹਾਰ) ਵਿਖੇ ਹੋਇਆ ।

ਪ੍ਰਸ਼ਨ **5.** ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਜੀ ਦਾ ਨਾਮ ਦੱਸੋ **?**

ਉੱਤਰ : ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਜੀ ਦਾ ਨਾਮ ਗੁਰੂ ਤੇਗ ਬਹਾਦਰ ਜੀ ।

ਪ੍ਰਸ਼ਨ **6.** ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ ਦਾ ਨਾਮ ਦੱਸੋ **?**

ਉੱਤਰ : ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਗੁਜਰੀ ਜੀ।

ਪ੍ਰਸ਼ਨ **7.** ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਹਨ **?**

ਉੱਤਰ : ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਹਨ।

ਪ੍ਰਸ਼ਨ **8.** ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ ਤੇ ਕਦੋਂ ਸੁਭਾਇਮਾਨ ਹੋਏ**?**

ਉੱਤਰ : ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ ਤੇ **11** ਨਵੰਬਰ ਸੰਨ **1675** ਈਸਵੀ ਨੂੰ ਸੁਭਾਇਮਾਨ ਹੋਏ।

ਪ੍ਰਸ਼ਨ **9.** ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਕਿੰਨੇ ਸਾਹਿਬਜ਼ਾਦੇ ਹੋਏ ਹਨ **?**

ਉੱਤਰ : ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ **4 (**ਚਾਰ**)** ਸਾਹਿਬਜ਼ਾਦੇ ਹੋਏ ਹਨ।

ਪ੍ਰਸ਼ਨ **10.** ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦਿਆਂ ਦੇ ਨਾਮ ਦੱਸੋ **?**

ਉੱਤਰ : ਸਾਹਿਬਜ਼ਾਦਾ ਅਜੀਤ ਸਿੰਘ ਜੀ
ਸਾਹਿਬਜ਼ਾਦਾ ਜੁਝਾਰ ਸਿੰਘ ਜੀ

ਪ੍ਰਸ਼ਨ **11.** ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਦੇ ਨਾਮ ਦੱਸੋ **?**

ਉੱਤਰ : ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ
ਸਾਹਿਬਜ਼ਾਦਾ ਫ਼ਤਿਹ ਸਿੰਘ ਜੀ

ਪ੍ਰਸ਼ਨ **12.** ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਕਿਸ ਤਰ੍ਹਾਂ ਸ਼ਹੀਦ ਕੀਤਾ ਗਿਆ **?**

ਉੱਤਰ : ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾਕੇ ਸ਼ਹੀਦ ਕੀਤਾ ਗਿਆ।

ਪ੍ਰਸ਼ਨ **13.** ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਦੋਂ ਕੀਤੀ **।**

ਉੱਤਰ : ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸੰਨ **1699** ਈਸਵੀ ਨੂੰ ਵੈਸਾਖੀ ਵਾਲੇ ਦਿਨ ਖਾਲਸਾ ਪੰਥ ਸਾਜਿਆ।

ਪ੍ਰਸ਼ਨ **14.** ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਿੱਥੇ ਕੀਤੀ **?**

ਉੱਤਰ : ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੀਤੀ **।**

ਪ੍ਰਸ਼ਨ **15.** ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਕਿੰਨੇ ਕਿਲੇ ਉਸਾਰੇ **?**

ਉੱਤਰ : ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ **6 (ਛੇ)** ਕਿਲੇ ਉਸਾਰੇ **।**

ਪ੍ਰਸ਼ਨ **16.** ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੁਆਰਾ ਕਿਹੜੇ **-** ਕਿਹੜੇ ਕਿਲੇ ਉਸਾਰੇ ਗਏ **?**

ਉੱਤਰ :
(ੳ) ਫਤਿਹਗੜ੍ਹ
(ਅ) ਅਨੰਦਗੜ੍ਹ
(ੲ) ਕੇਸਗੜ੍ਹ
(ਸ) ਲੋਹਗੜ੍ਹ
(ਹ) ਹੋਲਗੜ੍ਹ
(ਕ) ਨਿਰਮੋਹਗੜ੍ਹ

ਪ੍ਰਸ਼ਨ **17.** ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰਿਆਂ ਦੇ ਨਾਮ ਦੱਸੋ **।**

ਉੱਤਰ :
(ੳ) ਭਾਈ ਦਇਆ ਸਿੰਘ ਜੀ
(ਅ) ਭਾਈ ਧਰਮ ਸਿੰਘ ਜੀ
(ੲ) ਭਾਈ ਹਿੰਮਤ ਸਿੰਘ ਜੀ
(ਸ) ਭਾਈ ਮੋਹਕਮ ਸਿੰਘ ਜੀ
(ਹ) ਭਾਈ ਸਾਹਿਬ ਸਿੰਘ ਜੀ

ਪ੍ਰਸ਼ਨ **18.** ਪੰਜ ਕਕਾਰਾਂ ਦੇ ਨਾਮ ਦੱਸੋ **।**

ਉੱਤਰ :
(ੳ) ਕੇਸ
(ਅ) ਕੰਘਾ
(ੲ) ਕੜਾ
(ਸ) ਕ੍ਰਿਪਾਨ
(ਹ) ਕਛਹਿਰਾ

ਪ੍ਰਸ਼ਨ **19.** ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਗੁਰੂਤਾ ਦੀ ਦਾਤ ਕਿਸ ਨੂੰ ਸੰਭਾਲੀ **?**

ਉੱਤਰ : ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਗੁਰੂਤਾ ਦੀ ਦਾਤ ਸ੍ਰੀ ਗੁਰੂ ਬਾਲਕ ਸਿੰਘ ਜੀ ਨੂੰ ਸੰਭਾਲੀ **।**

ਪ੍ਰਸ਼ਨ **20.** ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਕਿੰਨਵੀਂ ਪਾਤਸ਼ਾਹੀ ਹਨ **?**

ਉੱਤਰ : ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਗਿਆਰ੍ਹਵੀਂ ਪਾਤਸ਼ਾਹੀ ਹਨ।

ਪ੍ਰਸ਼ਨ **21.** ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਪ੍ਰਕਾਸ਼ ਕਦੋਂ ਹੋਇਆ **?**

ਉੱਤਰ : ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਪ੍ਰਕਾਸ਼ ਫੱਗਣ ਸੁਦੀ **15** ਪੂਰਨਮਾਸ਼ੀ ਸੰਮਤ **1841** ਬਿਕਰਮੀ ਨੂੰ ਹੋਇਆ।

ਪ੍ਰਸ਼ਨ **22.** ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਪ੍ਰਕਾਸ਼ ਕਿੱਥੇ ਹੋਇਆ **?**

ਉੱਤਰ : ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਪ੍ਰਕਾਸ਼ ਪਿੰਡ ਸਰਵਾਲਾ ਜ਼ਿਲ੍ਹਾ ਅਟਕ ਵਿਖੇ ਹੋਇਆ।

ਪ੍ਰਸ਼ਨ **23.** ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਪਿਤਾ ਜੀ ਦਾ ਨਾਮ ਦੱਸੋ **?**

ਉੱਤਰ : ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਪਿਤਾ ਜੀ ਦਾ ਨਾਮ ਬਾਬਾ ਦਿਯਾਲ ਸਿੰਘ ਜੀ ।

ਪ੍ਰਸ਼ਨ **24.** ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਮਾਤਾ ਜੀ ਦਾ ਨਾਮ ਦੱਸੋ **?**

ਉੱਤਰ : ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਭਾਗਭਰੀ ਜੀ ।

ਪ੍ਰਸ਼ਨ **25.** ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਗੁਰਗੱਦੀ ਤੇ ਕਦੋਂ ਸੁਭਾਇਮਾਨ ਹੋਏ**?**

ਉੱਤਰ : ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਗੁਰਗੱਦੀ ਤੇ ਵੈਸਾਖ ਸੁਦੀ **10**ਵੀਂ ਸੰਮਤ **1812** ਈ. ਨੂੰ ਸੁਭਾਇਮਾਨ ਹੋਏ।

ਪ੍ਰਸ਼ਨ **26.** ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪਸ਼ਚਾਤ ਹੋਲੇ ਨੂੰ ਪੁਨਰ ਸੁਰਜੀਤ ਕਿਸ ਗੁਰੂ ਸਾਹਿਬ ਨੇ ਕੀਤਾ **?**

ਉੱਤਰ : ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪਸ਼ਚਾਤ ਹੋਲੇ ਨੂੰ ਪੁਨਰ ਸੁਰਜੀਤ ਸਤਿਗੁਰੂ ਰਾਮ ਸਿੰਘ ਜੀ ਨੇ ਕੀਤਾ।

ਪ੍ਰਸ਼ਨ **27.** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਿੰਨਵੀਂ ਪਾਤਸ਼ਾਹੀ ਹਨ **?**

ਉੱਤਰ : ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰ੍ਹਵੀਂ ਪਾਤਸ਼ਾਹੀ ਹਨ।

ਪ੍ਰਸ਼ਨ **28.** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਕਦੋਂ ਹੋਇਆ **?**

ਉੱਤਰ : ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਮਾਘ ਸੁਦੀ ਪੰਚਮੀ ਸੰਮਤ **1872** ਬਿਕਰਮੀ (ਬਸੰਤ ਵਾਲੇ ਦਿਨ) ਹੋਇਆ।

ਪ੍ਰਸ਼ਨ **29.** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਕਿੱਥੇ ਹੋਇਆ **?**

ਉੱਤਰ : ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪਿੰਡ ਰਾਈਆਂ (ਲੁਧਿਆਣਾ) ਹੋਇਆ।

ਪ੍ਰਸ਼ਨ **30.** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਿਤਾ ਜੀ ਦਾ ਨਾਮ ਦੱਸੋ **?**

ਉੱਤਰ : ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਿਤਾ ਜੀ ਦਾ ਨਾਮ ਬਾਬਾ ਜੱਸਾ ਸਿੰਘ ਜੀ।

ਪ੍ਰਸ਼ਨ **31.** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਜੂਰੀ ਵਿਚ ਕਿੰਨੇ ਹੋਲੇ ਹੋਏ **?**

ਉੱਤਰ : ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਜੂਰੀ ਵਿਚ **6** (ਛੇ) ਹੋਲੇ ਹੋਏ।

ਪ੍ਰਸ਼ਨ **32.** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਕਿਸਦਾ ਹੋਲਾ ਪਰਵਾਨ (ਮੰਨਜ਼ੂਰ) ਹੁੰਦਾ ਸੀ **?**

ਉੱਤਰ : ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਜੋ ਮਾਸ, ਸ਼ਰਾਬ ਦਾ ਸੇਵਨ ਨਹੀਂ ਕਰਦਾ ਸੀ, ਉਸਦਾ ਹੀ ਹੋਲਾ ਪਰਵਾਨ ਹੁੰਦਾ ਸੀ।

ਪ੍ਰਸ਼ਨ **33.** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ ਨੂੰ ਪੁਨਰ ਸੁਰਜੀਤ ਕਰਨ ਲਈ ਕੀ-ਕੀ ਕਾਰਜ ਕੀਤੇ **?**

ਉੱਤਰ : ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਿੰਡੋਂ -ਪਿੰਡੀ ਦਰਸ਼ਨ ਦੇਕੇ ਨਾਮ ਜਪਾਉਦੇ, ਭਜਨ ਕਰਵਾਂਦੇ ਅਤੇ ਸੰਗਤ ਨੂੰ ਅੰਮ੍ਰਿਤ ਛਕਾਕੇ ਨੇ ਸਿੱਖੀ ਨੂੰ ਪੁਨਰ ਸੁਰਜੀਤ ਕਰਦੇ।

ਪ੍ਰਸ਼ਨ **34.** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਜੂਰੀ ਵਿਚ ਪਹਿਲਾ ਹੋਲਾ ਕਦੋਂ ਮਨਾਇਆ ਗਿਆ **?**

ਉੱਤਰ : ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਜੂਰੀ ਵਿਚ ਪਹਿਲਾ ਹੋਲਾ **1822** ਬਿਕਰਮੀ ਵਿਚ ਮਨਾਇਆ ਗਿਆ॥

ਪ੍ਰਸ਼ਨ **35.** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਜੂਰੀ ਵਿਚ ਪਹਿਲਾ ਹੋਲਾ ਕਿੱਥੇ ਮਨਾਇਆ ਗਿਆ **?**

ਉੱਤਰ : ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਜੂਰੀ ਵਿਚ ਪਹਿਲਾ ਹੋਲਾ ਪਿੰਡ ਖੋਟੇ ਵਿਖੇ ਮਨਾਇਆ ਗਿਆ॥

ਪ੍ਰਸ਼ਨ **36.** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਜੂਰੀ ਵਿਚ ਦੂਜਾ ਹੋਲਾ ਕਦੋਂ ਮਨਾਇਆ ਗਿਆ **?**

ਉੱਤਰ : ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਜੂਰੀ ਵਿਚ ਦੂਜਾ ਹੋਲਾ **1823** ਬਿਕਰਮੀ ਵਿਚ ਮਨਾਇਆ ਗਿਆ।

ਪ੍ਰਸ਼ਨ **37.** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਜੂਰੀ ਵਿਚ ਦੂਜਾ ਹੋਲਾ ਕਿੱਥੇ ਮਨਾਇਆ ਗਿਆ **?**

ਉੱਤਰ : ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਜੂਰੀ ਵਿਚ ਦੂਜਾ ਹੋਲਾ ਆਨੰਦਪੁਰ ਸਾਹਿਬ ਵਿਖੇ ਮਨਾਇਆ ਗਿਆ।

ਪ੍ਰਸ਼ਨ **38.** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਕਿਹੜ੍ਹੇ ਮੇਲੇ ਤੇ ਮੋਏ ਹੋਏ ਬੱਚੇ ਨੂੰ ਜੀਵਨ ਦਾਨ ਦਿੱਤਾ **?**

ਉੱਤਰ : ਸ੍ਰੀ ਸਤਿਗੁਰੂ ਰਾਮ ਸਿੰਘ ਨੇ ਮਾਨਾਂ ਵਾਲੇ ਹੋਲੇ ਮਹਲੇ ਦੇ ਮੇਲੇ ਤੇ ਮੋਏ ਹੋਏ ਬੱਚੇ ਨੂੰ ਜਿੰਦਾਂ ਕੀਤਾ।

ਪ੍ਰਸ਼ਨ **39.** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮਾਨਾਂ ਵਾਲੇ ਹੋਲੇ ਮਹਲੇ ਦੇ ਮੇਲੇ ਤੇ ਮਰੇ ਹੋਏ ਬੱਚੇ ਨੂੰ ਕਿਵੇ ਜੀਵਨ ਦਾਨ ਦਿੱਤਾ **?**

ਉੱਤਰ : ਸ੍ਰੀ ਸਤਿਗੁਰੂ ਰਾਮ ਸਿੰਘ ਨੇ ਮਾਨਾਂ ਵਾਲੇ ਹੋਲੇ ਮਹਲੇ ਦੇ ਮੇਲੇ ਤੇ ਮੋਏ ਹੋਏ ਬੱਚੇ ਦੇ ਮੱਥੇ ਤੇ ਆਪਣੇ ਸੱਜੇ ਚਰਨਾਂ ਦੇ ਅੰਗੂਠੇ ਨੂੰ ਲਾਕੇ ਬੱਚੇ ਨੂੰ ਜੀਵਨ ਦਾਨ ਦਿੱਤਾ **।**

ਪ੍ਰਸ਼ਨ **40.** ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਹਜੂਰੀ ਵਿਚ ਕਿੰਨੇ ਹੋਲੇ ਹੋਏ **?**

ਉੱਤਰ : ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਵਿੱਚ ਕਈ ਵਰ੍ਹੇ ਹੋਲੇ-ਮਹੱਲੇ ਨਾ ਹੋ ਸੱਕੇ, ਜਦੋਂ ਕੁਝ ਕੁ ਸਖਤੀਆਂ ਘਟੀਆਂ ਤਾਂ ਆਪਜੀ ਦੇ ਸਮੇਂ ਵਿੱਚ **7** (ਸੱਤ) ਹੋਲੇ- ਮਹੱਲੇ ਹੋਏ।

ਪ੍ਰਸ਼ਨ **41.** ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਕਦੋਂ ਹੋਇਆ **।**

ਉੱਤਰ : ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਚੇਤ ਵਦੀ ਤੀਜ ਸੰਮਤ **1890** ਈ**.** ਨੂੰ ਹੋਇਆ ।

ਪ੍ਰਸ਼ਨ **42.** ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਕਿੱਥੇ ਹੋਇਆ **।**

ਉੱਤਰ : ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ।

ਪ੍ਰਸ਼ਨ **43.** ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਿਤਾ ਜੀ ਦਾ ਨਾਮ ਦੱਸੋ **।**

ਉੱਤਰ : ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਿਤਾ ਜੀ ਦਾ ਨਾਮ ਸਤਿਗੁਰੂ ਹਰੀ ਸਿੰਘ ਜੀ ।

ਪ੍ਰਸ਼ਨ **44.** ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਾਤਾ ਜੀ ਦਾ ਨਾਮ ਦੱਸੋ **।**

ਉੱਤਰ : ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਜੀਵਨ ਕੌਰ ਜੀ ।

ਪ੍ਰਸ਼ਨ **45.** ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕਿੰਨੇ ਸਾਲ ਦੀ ਉਮਰ 'ਚ ਗੁਰਗੱਦੀ ਤੇ ਸੁਭਾਇਮਾਨ ਹੋਏ**?**

ਉੱਤਰ : ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ **16 ਸਾਲ ਦੀ ਉਮਰ 'ਚ** ਗੁਰਗੱਦੀ ਤੇ ਸੁਭਾਇਮਾਨ ਹੋਏ।

ਪ੍ਰਸ਼ਨ **46.** ਹੋਲੇ ਮੁਹੱਲੇ ਦਾ ਮੇਲਾ ਨਾਮਧਾਰੀ ਪੰਥ' ਚ ਕਿਸ ਤਰ੍ਹਾਂ ਮਨਾਇਆ ਜਾਂਦਾ ਹੈ **?**

ਉੱਤਰ : ਹੋਲੇ ਮੁਹੱਲੇ ਦਾ ਮੇਲਾ ਨਾਮਧਾਰੀ ਪੰਥ 'ਚ ਸੇਵਾ, ਸਿਮਰਨ, ਕੀਰਤਨ, ਗੁਰੂਆਂ ਦਾ ਹਰਜਸ ਕਰਕੇ ਅਤੇ ਗੁਰਬਾਨੀ ਪੜ੍ਹਕੇ ਮਨਾਇਆ ਜਾਂਦਾ ਹੈ।

ਪ੍ਰਸ਼ਨ **47.** ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ 'ਚ ਕਿਨੇ ਹੋਲੇ ਹੋਏ ਸਨ **?**

ਉੱਤਰ : ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ 'ਚ **54 (ਚੁਰੰਜਾ)** ਹੋਲੇ ਹੋਏ।

ਪ੍ਰਸ਼ਨ **48.** ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਕਿਨੇ ਹੋਲੇ ਹੋਏ ਸਨ **?**

ਉੱਤਰ : ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ **57 (ਸਤਵੰਜਾ)** ਹੋਲੇ ਹੋਏ।

ਪ੍ਰਸ਼ਨ **49.** ਹੋਲਾ ਮੁਹੱਲਾ ਕਿਸ ਤਿਉਹਾਰ ਤੋਂ ਬਣਿਆ ਹੈ **?**

ਉੱਤਰ : ਹੋਲਾ ਮੁਹੱਲਾ ਹੋਲੀ ਦੇ ਤਿਉਹਾਰ ਤੋਂ ਬਣਿਆ ਹੈ।

ਪ੍ਰਸ਼ਨ **50.** ਹੋਲੇ ਮੁਹੱਲੇ ਦੀ ਸ਼ੁਰੂਆਤ ਕਿਸ ਸਥਾਨ ਵਿਖੇ ਹੋਈ **?**

ਉੱਤਰ : ਹੋਲੇ ਮੁਹੱਲੇ ਦੀ ਸ਼ੁਰੂਆਤ ਆਨੰਦਪੁਰ ਸਾਹਿਬ ਵਿਖੇ ਹੋਈ।